# ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ

## I.K. Gujral Punjab Technical University

ਸੰਦੀਪ ਮਹਿਮੀ
ਸਹਾਇਕ ਰਜਿਸਟਰਾਰ

Ref.No. IKGPTU/AR/SA/ 121
Date 02-08-2016

ਪ੍ਰਿੰਸੀਪਲ/ਡਾਇਰੈਕਟਰ
ਪੀ.ਟੀ.ਯੂ.ਨਾਲ ਸਬੰਧਤ ਸਾਰੇ Non-AICTE ਕਾਲਜ ਅਤੇ ਪੀ.ਆਈ.ਟੀਜ਼.

ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਸਾਲ 2016-17 ਦੇ ਐੱਸ.ਸੀ./ਓ.ਬੀ.ਸੀ. ਵਿਦਿਆਰਥੀਆਂ ਦੇ ਕੇਸ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ (ਤਕਨੀਕੀ ਸਿਖਿਆ ਵਿੰਗ ),ਪੰਜਾਬ ,ਚੰਡੀਗੜ ਵਲੋਂ ਪੱਤਰ ਮੀਮੋ ਨੰ: 1/ਟੀ.ਈ/ਸਕਾਲਰਸ਼ਿਪ/1081-1110 ਮਿੱਤੀ 18-07-2016 ਪ੍ਰਾਪਤ ਹੋਇਆ ਹੈ, ਜਿਸ ਵਿੱਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਸਾਲ 2016-17 ਦੇ ਐੱਸ.ਸੀ./ਓ.ਬੀ.ਸੀ. ਵਿਦਿਆਰਥੀਆਂ ਦੇ ਕੇਸ ਭੇਜਣ ਸਬੰਧੀ ਹਦਾਇਤਾਂ ਦਿੱਤੀਆਂ ਗਈਆਂ ਹਨ। (ਪੱਤਰ ਦੀ ਕਾਪੀ ਨਾਲ ਨੱਥੀ ਹੈ)
ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਜੀ।

2/8/16
ਸਹਾਇਕ ਰਜਿਸਟਰਾਰ
(ਵਿਦਿਆਰਥੀ ਮਾਮਲੇ)

ਉਤਾਰਾ :- ਡੀਨ, ਅਕਾਦਮਿਕ (ਜਾਣਕਾਰੀ ਹਿੱਤ)
ਰਜਿਸਟਰਾਰ (ਜਾਣਕਾਰੀ ਹਿੱਤ)
ਡਾਇਰੈਕਟਰ, ਵਿਦਿਆਰਥੀ ਮਾਮਲੇ(ਜਾਣਕਾਰੀ ਹਿੱਤ)
ਡਿਪਟੀ ਰਜਿਸਟਰਾਰ, ਕੰਪਿਉਟਰ ਵਿਭਾਗ (ਵੈੱਬ-ਸਾਈਟ ਤੇ ਪਾਉਣ ਲਈ)

ਵੱਲੋ

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿਖਿਆ ਵਿੰਗ)
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਸਮੂਹ ਸੈਕਸ਼ਨਿੰਗ ਅਥਾਰਟੀਆਂ
ਰਜਿਸਟਰਾਰ (ਸੈਕਸ਼ਨਿੰਗ ਅਥਾਰਟੀਜ)

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ
2. ਡਾ: ਬੀ ਆਰ ਅੰਬੇਦਕਰ ਨੈਸ਼ਨਲ ਇਸ : ਆਫ ਟੈਕ : ਜਲੰਧਰ
3. ਇੰਡੀਅਨ ਇੰਸ : ਆਫ ਟੈਕ : ਰੋਪੜ
4. ਸੰਤ ਲੌਂਗੋਵਾਲ ਇੰਸ ਆਫ ਇੰਜੀ : ਅਤੇ ਟੈਕ : ਸੰਗਰੂਰ
5. ਨੈਸ਼ਨਲ ਇੰਸ: ਆਫ ਫਾਰਮੈਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਮੋਹਾਲੀ
6. ਥਾਪਰ ਯੂਨੀਵਰਸਿਟੀ ਪਟਿਆਲਾ ।
7 ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ, ਬਠਿੰਡਾ

8-22 ਪ੍ਰਿੰਸੀਪਲ
ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ,ਬਟਾਲਾ,ਬਹਿਰਾਮ, ਬੇਗੋਵਾਲ , ਬਰੇਟਾ, ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ, ਫਤੂਹੀਖੇੜਾ, ਰਾਂਣਵਾ, ਖੂਨੀ ਮਾਜਰਾ, ਕੋਟਕਪੂਰਾ ਫਿਰੋਜਪੁਰ, ਬਡਬਰ ।

23-28 ਸਰਕਾਰੀ ਬਹੁਤਕਨੀਕੀ ਕਾਲਜ ਲੜਕੀਆਂ, ਅੰਮ੍ਰਿਤਸਰ, ਜਲੰਧਰ, ਦੀਨਾਨਗਰ , ਪਟਿਆਲਾ ਲੁਧਿਆਣਾ ਅਤੇ ਰੋਪੜ ।

29 ਪ੍ਰਿੰਸੀਪਲ ਗੋਰਮਿੰਟ ਇੰਸ : ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ : ਲੁਧਿਆਣਾ ।

ਮੀਮੋ ਨੰ: 1/ਟੀ.ਈ/ਸਕਾਲਰਸ਼ਿਪ/ 1081-1110 ਮਿਤੀ 18/7/16

ਵਿਸ਼ਾ - ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਸਾਲ 2016-17 ਦੇ ਐਸ.ਸੀ/ਓ.ਬੀ.ਸੀ ਵਿਦਿਆਰਥੀਆਂ ਦੇ ਕੇਸ ਭੇਜਣ ਸਬੰਧੀ।

ਵਿਸ਼ਾ ਅੰਕਿਤ ਮਾਮਲੇ ਸਬੰਧੀ ਸਾਲ 2016-17 ਦੇ ਐਸ.ਸੀ/ਓ.ਬੀ.ਸੀ ਵਿਦਿਆਰਥੀਆਂ ਦੇ ਕੇਸ ਭੇਜਣ ਤੋਂ ਪਹਿਲਾਂ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕਰਨ ਹਿੱਤ ਆਪਣੀ ਅਤੇ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਦੇ ਧਿਆਨ ਵਿੱਚ ਲਿਆ ਦਿੱਤਾ ਜਾਵੇ ਕਿ:-

1. ਸਾਰੀਆਂ ਸੰਸਥਾਵਾਂ ਵਿੱਚ ਐਸ.ਸੀ/ਓ.ਬੀ.ਸੀ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਸਕੀਮਾਂ ਦੀ ਜਾਣਕਾਰੀ ਦੇਣ ਸਬੰਧੀ ਇੱਕ ਨੋਟਿਸ ਬੋਰਡ ਲਗਾਇਆ ਜਾਵੇ ਕਿ ਇਹ ਸਕੀਮਾ ਭਾਰਤ ਸਰਕਾਰ/ਪੰਜਾਬ ਸਰਕਾਰ ਵੱਲੋਂ ਆਪ ਦੀ ਸੰਸਥਾ ਰਾਹੀਂ ਚਲਾਈਆਂ ਜਾਂਦੀਆਂ ਹਨ।

2. ਸੰਸਥਾਵਾਂ ਵੱਲੋਂ ਕਿਸੇ ਵੀ ਐਸ.ਸੀ/ਓ.ਬੀ.ਸੀ ਵਿਦਿਆਰਥੀ ਦਾ ਬੈਂਕ ਅਕਾਊਂਟ ਸੰਸਥਾ ਦੇ ਪੱਧਰ ਤੇ ਨਾ ਖੋਲਿਆ ਜਾਵੇ ਅਤੇ ਕਿਸੇ ਵੀ ਵਿਦਿਆਰਥੀ ਦੀ ਪਾਸ ਬੁੱਕ ਸੰਸਥਾ ਵਿੱਚ ਨਾਂ ਰੱਖੀ ਜਾਵੇ।

3. ਕੇਵਲ ਵਿਦਿਆਰਥੀਆਂ ਦੇ ਮਾਪਿਆਂ ਦੀ ਸਲਾਨਾ ਆਮਦਨ ਦੀ ਸਵੈ-ਘੋਸ਼ਣਾ/ਐਫੀਡੈਵਿਟ ਹੀ ਲਈ ਜਾਵੇ।

4. ਸੰਸਥਾਵਾਂ ਵੱਲੋਂ ਕਿਸੇ ਵੀ ਐਸ.ਸੀ/ਓ.ਬੀ.ਸੀ ਵਿਦਿਆਰਥੀ ਦਾ ਆਨ-ਲਾਈਨ ਫਾਰਮ ਸੰਸਥਾਵਾਂ ਵੱਲੋਂ ਆਪਣੇ ਪੱਧਰ ਤੇ ਨਾ ਭਰਿਆ ਜਾਵੇ, ਕੇਵਲ ਆਨ-ਲਾਈਨ ਫਾਰਮ ਭਰਨ ਲਈ ਵਿਦਿਆਰਥੀਆਂ ਦੀ ਮੱਦਦ ਕੀਤੀ ਜਾਵੇ।

5. ਭਲਾਈ ਵਿਭਾਗ ਵੱਲੋਂ ਵੈਬ-ਪੋਰਟਲ ਨੂੰ ਖੋਲਣ ਅਤੇ ਬੰਦ ਕਰਨ ਦੀਆਂ ਦੀਆਂ ਮਿਤੀਆਂ ਨੂੰ ਸੰਸਥਾਵਾਂ ਵੱਲੋਂ ਨੋਟਿਸ ਬੋਰਡ ਤੇ ਛਾਪ ਕੇ ਐਸ.ਸੀ/ਓ.ਬੀ.ਸੀ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ ਜਾਵੇ।

7. ਭਲਾਈ ਵਿਭਾਗ ਦੀਆਂ ਐਸ.ਸੀ /ਓ.ਬੀ.ਸੀ ਸਕੀਮਾਂ ਸਬੰਧੀ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਵੇ ਕਿ ਐਸ.ਸੀ ਵਿਦਿਆਰਥੀਆਂ ਦੀਆਂ ਫੀਸਾਂ ਕਿਸ ਤਰ੍ਹਾਂ ਰਿਫੰਡ ਹੋਣੀਆਂ ਹਨ ਅਤੇ ਓ.ਬੀ.ਸੀ ਵਿਦਿਆਰਥੀਆਂ ਦੀਆਂ ਫੀਸਾਂ ਕਿਸ ਤਰ੍ਹਾਂ ਰਿਫੰਡ ਹੋਣੀਆਂ ਹਨ, ਬਾਰੇ ਵੀ ਜਾਣੂੰ ਕਰਵਾਇਆ ਜਾਵੇ।

ਵਧੀਕ ਡਾਇਰੈਕਟਰ
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।